ਮਿੱਠੇ ਬੱਚੇ:- ਤੁਹਾਡੇ ਦੁੱਖ ਦੇ ਦਿਨ ਹੁਣ ਪੂਰੇ ਹੋਏ , ਤੁਸੀਂ ਹੁਣ ਅਜਿਹੀ ਦੁਨੀਆਂ ਵਿੱਚ ਜਾ ਰਹੇ ਹੋ ਜਿੱਥੇ ਕੋਈ ਵੀ ਅਪ੍ਰਾਪ੍ਰ ਚੀਜ਼ ਨਹੀਂ "

ਪ੍ਰਸ਼ਨ:- ਕਿਨ੍ਹਾਂ ਦੋ ਸ਼ਬਦਾਂ ਦਾ ਰਾਜ਼ ਤੁਹਾਡੀ ਬੁੱਧੀ ਵਿੱਚ ਹੋਣ ਕਾਰਨ ਪੁਰਾਣੀ ਦੁਨੀਆਂ ਤੋਂ ਬੇਹੱਦ ਦਾ ਵੈਰਾਗ ਰਹਿੰਦਾ ਹੈ?

ਉੱਤਰ:- ਦੀ ਕਲਾ ਅਤੇ ਚੜ੍ਹਦੀ ਕਲਾ ਦਾ ਰਾਜ਼ ਤੁਹਾਡੀ ਬੁੱਧੀ ਵਿੱਚ ਹੈ। ਤੁਸੀਂ ਜਾਣਦੇ ਹੋ ਅੱਧਾਕਲਪ ਅਸੀਂ ਉਤਰਦੇ ਆਏ, ਹੁਣ ਹੈ ਚੜ੍ਹਨ ਦਾ ਸਮੇਂ। ਬਾਪ ਆਏ ਹਨ ਨਰ ਤੋਂ ਨਾਰਾਇਣ ਬਣਾਉਣ ਦੀ ਸੱਚੀ ਨਾਲੇਜ ਦੇਣ। ਸਾਡੇ ਲਈ ਹੁਣ ਕਲਯੁਗ ਪੂਰਾ ਹੋਇਆ, ਨਵੀਂ ਦੁਨੀਆਂ ਵਿੱਚ ਜਾਣਾ ਹੈ ਇਸਲਈ ਇਸ ਤੋਂ ਬੇਹੱਦ ਦਾ ਵੈਰਾਗ ਹੈ।

ਗੀਤ:- ਧੀਰਜ ਧਰ ਮਨੁਵਾ...

ਓਮ ਸ਼ਾਂਤੀ। ਮਿੱਠੇ ਮਿੱਠੇ ਰੂਹਾਨੀ ਬੱਚਿਆਂ ਨੇ ਗੀਤ ਸੁਣਿਆ। ਰੂਹਾਨੀ ਬਾਪ ਬੈਠ ਸਮਝਾਉਂਦੇ ਹਨ - ਇਹ ਇੱਕ ਹੀ ਪੁਰਸ਼ੋਤਮ ਸੰਗਮਯੁਗ ਹੈ ਜੱਦ ਕਿ ਕਲਪ - ਕਲਪ ਬਾਪ ਆਕੇ ਰੂਹਾਨੀ ਬੱਚਿਆਂ ਨੂੰ ਪੜ੍ਹਾਉਂਦੇ ਹਨ। ਰਾਜਯੋਗ ਸਿਖਾਉਂਦੇ ਹਨ। ਬਾਪ ਰੂਹਾਨੀ ਬੱਚਿਆਂ ਨੂੰ ਕਹਿੰਦੇ ਹਨ ਮਨੁਵਾ ਮਤਲਬ ਆਤਮਾ, ਹੇ ਆਤਮਾ ਧੀਰਜ ਧਰੋ। ਆਤਮਾਵਾਂ ਨਾਲ ਗੱਲ ਕਰਦੇ ਹਨ। ਇਸ ਸ਼ਰੀਰ ਦਾ ਮਾਲਿਕ ਆਤਮਾ ਹੈ। ਆਤਮਾ ਕਹਿੰਦੀ ਹੈ - ਮੈਂ ਅਵਿਨਾਸ਼ੀ ਆਤਮਾ ਹਾਂ, ਇਹ ਮੇਰਾ ਸ਼ਰੀਰ ਵਿਨਾਸ਼ੀ ਹੈ। ਰੂਹਾਨੀ ਬਾਪ ਕਹਿੰਦੇ ਹਨ - ਮੈ ਇੱਕ ਹੀ ਵਾਰ ਕਲਪ ਦੇ ਸੰਗਮ ਤੇ ਤੁਸੀਂ ਬੱਚਿਆਂ ਨੂੰ ਧੀਰਜ ਦਿੰਦਾ ਹਾਂ ਕਿ ਹੁਣ ਸੁਖ ਦੇ ਦਿਨ ਆਉਂਦੇ ਹਨ । ਹੁਣ ਤੁਸੀਂ ਦੁਖਧਾਮ ਰੋਰਵ ਨਰਕ ਵਿੱਚ ਹੋ। ਸਿਰਫ ਤੁਸੀਂ ਨਹੀਂ ਹੋ ਪਰ ਸਾਰੀ ਦੁਨੀਆਂ ਰੋਰਵ ਨਰਕ ਵਿੱਚ ਹੈ, ਤੁਸੀਂ ਜੋ ਮੇਰੇ ਬੱਚੇ ਬਣੇ ਹੋ, ਰੋਰਵ ਨਰਕ ਤੋਂ ਨਿਕਲਕੇ ਸ੍ਵਰਗ ਵਿੱਚ ਚਲ ਰਹੇ ਹੋ। ਸਿਰਫ ਤੁਸੀਂ ਨਹੀਂ ਹੋ ਪਰ ਸਾਰੀ ਦੁਨੀਆਂ ਰੋਰਵ ਨਰਕ ਵਿੱਚ ਹੈ, ਸਤਿਯੁਗ, ਤ੍ਰੇਤਾ, ਦਵਾਪਰ ਬੀਤ ਗਿਆ। ਕਲਯੁਗ ਵੀ ਤੁਹਾਡੇ ਪਾਸ ਹੋ ਗਿਆ। ਤੁਹਾਡੇ ਲਈ ਇਹ ਪੁਰਸ਼ੋਤਮ ਸੰਗਮਯੁਗ ਹੈ ਜੱਦ ਕਿ ਤੁਸੀਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਦੇ ਹੋ। ਆਤਮਾ ਜੱਦ ਸਤੋਪ੍ਰਧਾਨ ਬਣ ਜਾਵੇਗੀ ਤਾਂ ਫਿਰ ਇਹ ਸ਼ਰੀਰ ਵੀ ਛੱਡੇਗੀ। ਸਤੋਪ੍ਰਧਾਨ ਆਤਮਾ ਨੂੰ ਸਤਯੁਗ ਵਿੱਚ ਨਵਾਂ ਸ਼ਰੀਰ ਚਾਹੀਦਾ। ਉੱਥੇ ਸਭ ਕੁਝ ਨਵਾਂ ਹੁੰਦਾ ਹੈ। ਬਾਪ ਕਹਿੰਦੇ ਹਨ ਬੱਚੇ ਹੁਣ ਦੁਖਧਾਮ ਤੋਂ ਸੁਖਧਾਮ ਵਿੱਚ ਚਲਣਾ ਹੈ, ਉਸ ਦੇ ਲਈ ਪੁਰਸ਼ਾਰਥ ਕਰਨਾ ਹੈ। ਸੁਖਧਾਮ ਵਿੱਚ ਇਨ੍ਹਾਂ ਲਕਸ਼ਮੀ - ਨਾਰਾਇਣ ਦੀ ਰਾਜਾਈ ਸੀ। ਤੁਸੀਂ ਪੁਰਸ਼ਾਰਥ ਕਰ ਰਹੇ ਹੋ ਨਰ ਤੋਂ ਨਾਰਾਇਣ ਬਣਨ ਦਾ। ਇਹ ਸੱਤ ਮਾਰਗ ਨਹੀਂ ਕਹਾਂਗੇ, ਗਿਆਨ ਮਾਰਗ ਹੈ ਸੱਤ ਮਾਰਗ। ਤੁਸੀਂ ਸੀੜੀ ਉਤਰਦੇ - ਉਤਰਦੇ ਝੂਠ ਖੰਡ ਵਿੱਚ ਆਉਂਦੇ ਹੋ। ਹੁਣ ਤੁਸੀਂ ਜਾਣਦੇ ਹੋ ਸੱਤ ਬਾਪ ਤੋਂ ਅਸੀਂ ਇਹ ਨਾਲੇਜ ਪਾਕੇ 21 ਜਨਮ ਦੇਵੀ - ਦੇਵਤਾ ਬਣਾਂਗੇ। ਅਸੀਂ ਸੀ, ਫਿਰ ਸੀੜੀ ਉਤਰਦੇ ਆਏ। ਉਤਰਦੀ ਕਲਾ ਅਤੇ ਚੜ੍ਹਦੀ ਕਲਾ ਦਾ ਰਾਜ਼ ਤੁਹਾਡੀ ਬੁੱਧੀ ਵਿੱਚ ਹੈ। ਪੁਕਾਰਦੇ ਵੀ ਹੈ ਬਾਬਾ ਆਕੇ ਸਾਨੂੰ ਪਾਵਨ ਬਣਾਓ। ਇੱਕ ਬਾਪ ਹੀ ਪਾਵਨ ਬਣਾਉਣ ਵਾਲਾ ਹੈ। ਬਾਪ ਕਹਿੰਦੇ ਹਨ - ਬੱਚੇ, ਤੁਸੀਂ ਸਤਿਯੁਗ ਵਿੱਚ ਵਿਸ਼ਵ ਦੇ ਮਾਲਿਕ ਸੀ। ਬਹੁਤ ਧਨਵਾਨ, ਬਹੁਤ ਸੁਖੀ ਸੀ। ਹੁਣ ਬਾਕੀ ਥੋੜਾ ਸਮੇਂ ਹੈ। ਪੁਰਾਣੀ ਦੁਨੀਆਂ ਦਾ ਵਿਨਾਸ਼ ਸਾਹਮਣੇ ਖੜਿਆ ਹੈ। ਨਵੀਂ ਦੁਨੀਆਂ ਵਿੱਚ ਇੱਕ ਰਾਜ, ਇੱਕ ਭਾਸ਼ਾ ਸੀ। ਉਸ ਨੂੰ ਕਿਹਾ ਜਾਂਦਾ ਹੈ ਅਦਵੈਤ ਰਾਜ। ਹੁਣ ਕਿੰਨਾ ਦਵੈਤ ਹੈ, ਕਈ ਭਾਸ਼ਾਵਾਂ ਹਨ। ਜਿਵੇਂ ਮਨੁੱਖਾਂ ਦਾ ਝਾੜ ਵਧਦਾ ਜਾਂਦਾ ਹੈ, ਭਾਸ਼ਾਵਾਂ ਦਾ ਵੀ ਝਾੜ ਵ੍ਰਿਧੀ ਨੂੰ ਪਾਂਦਾ ਜਾਂਦਾ ਹੈ। ਫਿਰ ਹੋਵੇਗੀ ਇਕ ਭਾਸ਼ਾ। ਗਾਇਨ ਹੈ ਨਾ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਰਿਪੀਟ। ਮਨੁੱਖਾਂ ਦੀ ਬੁੱਧੀ ਵਿੱਚ ਨਹੀਂ ਬੈਠਦਾ। ਬਾਪ ਹੀ ਦੁੱਖ ਦੀ ਪੁਰਾਣੀ ਦੁਨੀਆਂ ਨੂੰ ਬਦਲ ਸੁਖ ਦੀ ਨਵੀਂ ਦੁਨੀਆਂ ਸਥਾਪਨ ਕਰਦੇ ਹਨ। ਲਿਖਿਆ ਹੋਇਆ ਹੈ ਪ੍ਰਜਾਪਿਤਾ ਬ੍ਰਹਮਾ ਦੁਆਰਾ ਡਿਟੀਜ਼ਮ ਦੀ ਸਥਾਪਨਾ। ਇਹ ਹੈ ਰਾਜਯੋਗ ਦੀ ਪੜ੍ਹਾਈ। ਇਹ ਗਿਆਨ ਜੋ ਗੀਤਾ ਵਿੱਚ ਲਿਖਿਆ ਹੋਇਆ ਹੈ, ਬਾਪ ਨੇ ਜੋ ਸਮੁੱਖ ਸੁਣਾਇਆ ਉਹ ਫਿਰ ਮਨੁੱਖਾਂ ਨੇ ਭਗਤੀ ਮਾਰਗ ਦੇ ਲਈ ਬੈਠ ਲਿਖਿਆ ਹੈ, ਜਿਸ ਤੋਂ ਤੁਸੀਂ ਉਤਰਦੇ ਆਏ ਹੋ। ਹੁਣ ਭਗਵਾਨ ਤੁਹਾਨੂੰ ਪੜ੍ਹਾਉਂਦੇ ਹਨ ਉੱਪਰ ਚੜ੍ਹਨ ਦੇ ਲਈ। ਭਗਤੀ ਨੂੰ ਕਿਹਾ ਹੀ ਜਾਂਦਾ ਹੈ ਉਤਰਦੀ ਕਲਾ ਦਾ ਮਾਰਗ। ਗਿਆਨ ਹੈ ਚੜ੍ਹਦੀ ਕਲਾ ਦਾ ਮਾਰਗ। ਇਹ ਸਮਝਾਉਣ ਵਿੱਚ ਤੁਸੀਂ ਡਰੋ ਨਾ। ਭਾਵੇਂ ਇਵੇਂ ਵੀ ਹੈ ਜੋ ਇਨ੍ਹਾਂ ਗੱਲਾਂ ਨੂੰ ਨਾ ਸਮਝਣ ਕਾਰਨ ਵਿਰੋਧ ਕਰਨਗੇ, ਸ਼ਾਸਤਰਵਾਦ ਕਰਨਗੇ। ਪਰ ਤੁਹਾਨੂੰ ਕਿਸੇ ਨਾਲ ਸ਼ਾਸ੍ਰਰਵਾਦ ਨਹੀਂ ਕਰਨਾ ਹੈ। ਬੋਲੋ, ਸ਼ਾਸਤਰ, ਵੇਦ , ਉਪਨਿਸ਼ਦ ਅਤੇ ਗੰਗਾ ਸ਼ਨਾਨ ਕਰਨਾ, ਤੀਰਥ ਆਦਿ ਕਰਨਾ ਇਹ ਸਭ ਭਗਤੀ ਕਾਂਡ ਹੈ। ਭਾਰਤ ਵਿੱਚ ਰਾਵਨ ਵੀ ਹੈ ਬਰੋਬਰ, ਜਿਸ ਦੀ ਐਫ. ਜੀ. ਸਾੜ੍ਹਦੇ ਹਨ। ਉਵੇਂ ਤਾਂ ਦੁਸ਼ਮਣਾਂ ਦੀ ਐਫ.ਜੀ ਸਾੜ੍ਹਦੇ ਹਨ, ਅਲਪਕਾਲ ਦੇ ਲਈ। ਇਹ ਇਸ ਇੱਕ ਰਾਵਨ ਦੀ ਹੀ ਐਫ.ਜੀ. ਹਰ ਵਰ੍ਹੇ ਸਾੜ੍ਹਦੇ ਆਉਂਦੇ ਹਨ। ਬਾਪ ਕਹਿੰਦੇ ਹਨ ਤੁਸੀਂ ਗੋਲਡਨ ਐਜੇਡ ਬੁੱਧੀ ਤੋਂ ਆਇਰਨ ਏਜ਼ਡ ਬੁੱਧੀ ਹੋ ਗਏ ਹੋ। ਤੁਸੀਂ ਕਿੰਨੇ ਸੁਖੀ ਸੀ। ਬਾਪ ਆਉਂਦੇ ਹੀ ਹਨ ਸੁਖਧਾਮ ਦੀ ਸਥਾਪਨਾ ਕਰਨ। ਫਿਰ ਬਾਦ ਵਿੱਚ ਜੱਦ ਭਗਤੀ ਮਾਰਗ ਸ਼ੁਰੂ ਹੁੰਦਾ ਹੈ ਤਾਂ ਦੁਖੀ ਬਣਦੇ ਹਨ। ਫਿਰ ਸੁਖਦਾਤਾ ਨੂੰ ਯਾਦ ਕਰਦੇ ਹਨ, ਉਹ ਵੀ ਨਾਮ ਮਾਤਰ ਕਿਓਂਕਿ ਉਨ੍ਹਾਂ ਨੂੰ ਜਾਣਦੇ ਨਹੀਂ। ਗੀਤਾ ਵਿੱਚ ਨਾਮ ਬਦਲ ਦਿੱਤਾ ਹੈ। ਪਹਿਲੇ - ਪਹਿਲੇ ਤੁਸੀਂ ਇਹ ਸਮਝਾਓ ਕਿ ਉੱਚ ਤੇ ਉੱਚ ਭਗਵਾਨ ਇੱਕ ਹੈ, ਯਾਦ ਵੀ ਉਨ੍ਹਾਂਨੂੰ ਕਰਨਾ ਚਾਹੀਦਾ। ਇੱਕ ਨੂੰ ਯਾਦ ਕਰਨਾ ਉਸ ਨੂੰ ਹੀ ਅਵਿਭਚਾਰੀ ਯਾਦ, ਅਵਿਭਚਾਰੀ ਗਿਆਨ ਕਿਹਾ ਜਾਂਦਾ ਹੈ। ਤੁਸੀਂ ਹੁਣ ਬ੍ਰਾਹਮਣ ਬਣੇ ਹੋ ਤਾਂ ਭਗਤੀ ਨਹੀਂ ਕਰਦੇ ਹੋ। ਤੁਹਾਨੂੰ ਗਿਆਨ ਹੈ। ਬਾਪ ਪੜ੍ਹਾਉਂਦੇ ਹਨ ਜਿਸ ਨਾਲ ਅਸੀਂ ਇਹ ਦੇਵਤਾ ਬਣਦੇ ਹਾਂ। ਦੈਵੀਗੁਣ ਵੀ ਧਾਰਨ ਕਰਨੇ ਹਨ ਇਸਲਈ ਬਾਬਾ ਕਹਿੰਦੇ ਹਨ ਆਪਣਾ ਚਾਰਟ ਰੱਖੋ ਤਾਂ ਪਤਾ

ਪਵੇਗਾ ਸਾਡੇ ਵਿੱਚ ਕੋਈ ਆਸੁਰੀ ਗੁਣ ਤਾਂ ਨਹੀਂ ਹਨ। ਦੇਹ - ਅਭਿਮਾਨ ਹੈ ਪਹਿਲਾ ਅਵਗੁਣ ਫਿਰ ਦੁਸ਼ਮਣ ਹੈ ਕਾਮ। ਕਾਮ ਤੇ ਜਿੱਤ ਪਾਉਣ ਨਾਲ ਹੀ ਤੁਸੀਂ ਜਗਤਜੀਤ ਬਣੋਗੇ। ਤੁਹਾਡਾ ਉੱਦੇਸ਼ ਹੀ ਇਹ ਹੈ, ਇਨ੍ਹਾਂ ਲਕਸ਼ਮੀ - ਨਾਰਾਇਣ ਦੇ ਰਾਜ ਵਿੱਚ ਕੋਈ ਅਨੇਕ ਧਰਮ ਸੀ ਨਹੀਂ। ਸਤਯੁਗ ਵਿੱਚ ਦੇਵਤਾਵਾਂ ਦਾ ਹੀ ਰਾਜ ਹੁੰਦਾ ਹੈ। ਮਨੁੱਖ ਹੁੰਦੇ ਹਨ ਕਲਯੁਗ ਵਿੱਚ। ਹੈ ਭਾਵੇਂ ਉਹ ਵੀ ਮਨੁੱਖ, ਪਰ ਦੈਵੀਗੁਣਾਂ ਵਾਲੇ ਇਸ ਸਮੇਂ ਸਭ ਮਨੁੱਖ ਹਨ ਆਸੁਰੀ ਗੁਣਾਂ ਵਾਲੇ। ਸਤਯੁਗ ਵਿੱਚ ਕਾਮ ਮਹਾਸ਼ਤ੍ਰੂ ਹੁੰਦਾ ਨਹੀਂ। ਬਾਪ ਕਹਿੰਦੇ ਹਨ ਇਸ ਕਾਮ ਮਹਾਸ਼ਤਰੂ ਤੇ ਜਿੱਤ ਪਾਉਣ ਨਾਲ ਤੁਸੀਂ ਜਗਤਜੀਤ ਬਣੋਗੇ। ਉੱਥੇ ਰਾਵਨ ਹੁੰਦਾ ਨਹੀਂ। ਇਹ ਵੀ ਮਨੁੱਖ ਸਮਝ ਨਹੀਂ ਸਕਦੇ। ਗੋਲਡਨ ਏਜ਼ ਤੋਂ ਉਤਰਦੇ - ਉਤਰਦੇ ਤਮੋਪ੍ਰਧਾਨ ਬੁੱਧੀ ਬਣੇ ਹਨ। ਹੁਣ ਫਿਰ ਸਤੋਪ੍ਰਧਾਨ ਬਣਨਾ ਹੈ। ਉਸ ਦੇ ਲਈ ਇੱਕ ਹੀ ਦਵਾਈ ਮਿਲਦੀ ਹੈ - ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ ਤਾਂ ਜਨਮ - ਜਨਮਾਂਤ੍ਰ ਦੇ ਪਾਪ ਭਸਮ ਹੋ ਜਾਣਗੇ। ਤੁਸੀਂ ਬੈਠੇ ਹੋ ਪਾਪਾਂ ਨੂੰ ਭਸਮ ਕਰਨ ਤਾਂ ਫਿਰ ਅੱਗੋਂ ਪਾਪ ਨਹੀਂ ਕਰਨਾ ਚਾਹੀਦਾ ਹੈ। ਨਹੀਂ ਤਾਂ ਉਹ ਸੌ ਗੁਣਾ ਬਣ ਜਾਏਗਾ। ਵਿਕਾਰ ਵਿੱਚ ਗਏ ਤਾਂ ਸੌ ਗੁਣਾ ਦੰਡ ਪੈ ਜਾਏਗਾ, ਫਿਰ ਉਹ ਮੁਸ਼ਕਿਲ ਚੜ੍ਹ ਸਕਦੇ ਹਨ। ਪਹਿਲਾ ਨੰਬਰ ਦੁਸ਼ਮਣ ਹੈ ਇਹ ਕਾਮ। 5 ਮੰਜ਼ਿਲ ਤੋਂ ਡਿੱਗਣਗੇ ਤਾਂ ਹੱਡਗੁੱਡ ਇੱਕਦਮ ਟੁੱਟ ਜਾਣਗੀਆਂ। ਸ਼ਾਇਦ ਮਰ ਵੀ ਜਾਣ। ਉੱਪਰ ਤੋਂ ਡਿੱਗਣ ਤੇ ਇੱਕਦਮ ਚਕਨਾਚੂਰ ਹੋ ਜਾਂਦੇ ਹਨ। ਬਾਪ ਨਾਲ ਪ੍ਰਤਿਗਿਆ ਤੋੜ ਕਾਲਾ ਮੂੰਹ ਕੀਤਾ ਤਾਂ ਗੋਇਆ ਆਸੁਰੀ ਦੁਨੀਆਂ ਵਿੱਚ ਚਲਾ ਗਿਆ। ਇੱਥੇ ਤੋਂ ਮਰ ਗਿਆ। ਉਨ੍ਹਾਂ ਨੂੰ ਬ੍ਰਾਹਮਣ ਵੀ ਨਹੀਂ, ਸ਼ੂਦ੍ਰ ਕਿਹਾ ਜਾਵੇਗਾ।

ਬਾਪ ਕਿੰਨਾ ਸਹਿਜ ਸਮਝਾਉਂਦੇ ਹਨ। ਪਹਿਲੇ ਤਾਂ ਇਹ ਨਸ਼ਾ ਰਹਿਣਾ ਚਾਹੀਦਾ ਹੈ। ਜੇਕਰ ਸਮਝੋ ਕ੍ਰਿਸ਼ਨ ਭਗਵਾਨੁਵਾਚ ਵੀ ਹੋਵੇ, ਉਹ ਵੀ ਜਰੂਰ ਪੜ੍ਹਾਕੇ ਆਪ ਸਮਾਨ ਬਣਾਉਣਗੇ ਨਾ। ਪਰ ਕ੍ਰਿਸ਼ਨ ਤਾਂ ਭਗਵਾਨ ਹੋ ਨਾ ਸਕੇ। ਉਹ ਤਾਂ ਪੁਨਰਜਨਮ ਵਿਚ ਆਉਂਦੇ ਹਨ। ਬਾਪ ਕਹਿੰਦੇ ਹਨ ਮੈਂ ਹੀ ਪੁਨਰਜਨਮ ਰਹਿਤ ਹਾਂ। ਰਾਧੇ - ਕ੍ਰਿਸ਼ਨ, ਲਕਸ਼ਮੀ - ਨਾਰਾਇਣ ਅਥਵਾ ਵਿਸ਼ਨੂੰ ਇੱਕ ਹੀ ਗੱਲ ਹੈ। ਵਿਸ਼ਨੂੰ ਦੇ ਦੋ ਰੂਪ ਲਕਸ਼ਮੀ - ਨਾਰਾਇਣ ਅਤੇ ਲਕਸ਼ਮੀ - ਨਾਰਾਇਣ ਦਾ ਹੀ ਬਚਪਣ ਹੈ ਰਾਧੇ - ਕ੍ਰਿਸ਼ਨ। ਬ੍ਰਹਮਾ ਦਾ ਵੀ ਰਾਜ਼ ਸਮਝਾਇਆ ਹੈ - ਬ੍ਰਹਮਾ - ਸਰਸਵਤੀ ਸੋ ਲਕਸ਼ਮੀ - ਨਾਰਾਇਣ। ਹੁਣ ਟ੍ਰਾਂਸਫਰ ਹੁੰਦੇ ਹਨ। ਪਿਛਾੜੀ ਦਾ ਨਾਮ ਇਨ੍ਹਾਂ ਦਾ ਬ੍ਰਹਮਾਂ ਰੱਖਿਆ ਹੈ। ਬਾਕੀ ਇਹ ਬ੍ਰਹਮਾ ਤੇ ਵੇਖੋ ਇੱਕਦਮ ਆਇਰਨ ਏਜ਼ ਵਿੱਚ ਖੜ੍ਹਾ ਹੈ। ਇਹ ਹੀ ਫਿਰ ਤੱਪ ਕਰਕੇ ਕ੍ਰਿਸ਼ਨ ਜਾਂ ਸ਼੍ਰੀ ਨਰਾਇਣ ਬਣਦੇ ਹਨ। ਵਿਸ਼ਨੂੰ ਕਹਿਣ ਨਾਲ ਉਸ ਵਿੱਚ ਦੋਵੇਂ ਆ ਜਾਂਦੇ ਹਨ। ਬ੍ਰਹਮਾ ਦੀ ਬੇਟੀ ਸਰਸ੍ਵਤੀ। ਇਹ ਗੱਲਾਂ ਕੋਈ ਸਮਝ ਨਾ ਸਕੇ। 4 ਬਾਹਵਾਂ ਬ੍ਰਹਮਾ ਨੂੰ ਵੀ ਦਿੰਦੇ ਹਨ ਕਿਉਂਕਿ ਪ੍ਰਵ੍ਰਿਤੀ ਮਾਰਗ ਹੈ ਨਾ। ਨਿਵ੍ਰਿਤੀ ਮਾਰਗ ਵਾਲੇ ਇਹ ਗਿਆਨ ਦੇ ਨਹੀਂ ਸਕਦੇ। ਬਹੁਤਿਆਂ ਨੂੰ ਬਾਹਰ ਤੋਂ ਫ਼ਸਾ ਕੇ ਲੈ ਆਉਂਦੇ ਹਨ ਕਿ ਚੱਲੋ ਅਸੀਂ ਪ੍ਰਾਚੀਨ ਰਾਜਯੋਗ ਸਿਖਾਈਏ। ਹੁਣ ਸੰਨਿਆਸੀ ਰਾਜਯੋਗ ਸਿਖਾ ਨਹੀਂ ਸਕਦੇ। ਹੁਣ ਈਸ਼ਵਰ ਆਏ ਹਨ, ਤੁਸੀਂ ਹੁਣ ਇਨ੍ਹਾਂ ਦੇ ਬੱਚੇ ਈਸ਼ਵਰੀਏ ਸੰਪਰਦਾਇ ਬਣੇ ਹੋ। ਈਸ਼ਵਰ ਆਏ ਹਨ ਤੁਹਾਨੂੰ ਪੜ੍ਹਾਉਣ। ਤੁਹਾਨੂੰ ਰਾਜਯੋਗ ਸਿਖਲਾ ਰਹੇ ਹਨ। ਉਹ ਤੇ ਹੈ ਨਿਰਾਕਾਰ। ਬ੍ਰਹਮਾ ਦਵਾਰਾ ਤੁਹਾਨੂੰ ਆਪਣਾ ਬਣਾਇਆ ਹੈ। ਬਾਬਾ - ਬਾਬਾ ਤੁਸੀਂ ਉਨ੍ਹਾਂ ਨੂੰ ਕਹਿੰਦੇ ਹੋ, ਬ੍ਰਹਮਾ ਤਾਂ ਮੱਧ ਵਿੱਚ ਇੰਟ੍ਰਪਰੇਟਰ ਹੈ। ਭਾਗਿਆਸ਼ਾਲੀ ਰਥ ਹੈ। ਇਸ ਦੇ ਦਵਾਰਾ ਬਾਬਾ ਤੁਹਾਨੂੰ ਪੜ੍ਹਾਉਂਦੇ ਹਨ। ਤੁਸੀਂ ਵੀ ਪਤਿਤ ਤੋਂ ਪਾਵਨ ਬਣਦੇ ਹੋ। ਬਾਪ ਪੜ੍ਹਾਉਂਦੇ ਹਨ - ਮਨੁੱਖ ਤੋਂ ਦੇਵਤਾ ਬਣਾਉਣ ਦੇ ਲਈ। ਹੁਣ ਤਾਂ ਰਾਵਨਰਾਜ ਹੈ, ਆਸੁਰੀ ਸੰਪਰਦਾਇ ਹੈ ਨਾ। ਹੁਣ ਤੁਸੀਂ ਈਸ਼ਵਰੀਏ ਸੰਪਰਦਾਇ ਬਣੇ ਹੋ ਫਿਰ ਦੈਵੀ ਸੰਪਰਦਾਇ ਬਣੋਗੇ। ਹੁਣ ਤੁਸੀਂ ਪੁਰਸ਼ੋਤਮ ਸੰਗਮਯੁਗ ਤੇ ਹੋ, ਪਾਵਨ ਬਣ ਰਹੇ ਹੋ। ਸੰਨਿਆਸੀ ਲੋਕੀ ਤਾਂ ਘਰ - ਬਾਰ ਛੱਡ ਜਾਂਦੇ ਹਨ। ਇੱਥੇ ਬਾਪ ਤੇ ਕਹਿੰਦੇ ਹਨ - ਭਾਵੇਂ ਇਸਤਰੀ - ਪੁਰਸ਼ ਘਰ ਵਿੱਚ ਇਕੱਠੇ ਰਹੋ, ਇਵੇਂ ਨਾ ਸਮਝੋ ਇਸਤਰੀ ਨਾਗਿਨ ਹੈ ਇਸਲਈ ਅਸੀਂ ਵੱਖ ਹੋ ਜਾਈਏ ਤਾਂ ਛੁੱਟ ਜਾਵਾਂਗੇ। ਤੁਹਾਨੂੰ ਭੱਜਣਾ ਨਹੀਂ ਹੈ। ਉਹ ਹੱਦ ਦਾ ਸੰਨਿਆਸ ਹੈ ਜੋ ਭੱਜਦੇ ਹਨ, ਤੁਸੀਂ ਇੱਥੇ ਬੈਠੇ ਹੋ ਪਰ ਤੁਹਾਨੂੰ ਇਸ ਪੁਰਾਣੀ ਦੁਨੀਆਂ ਨਾਲ ਵੈਰਾਗ ਹੈ। ਇਹ ਸਭ ਗੱਲਾਂ ਤੁਹਾਨੂੰ ਚੰਗੀ ਤਰ੍ਹਾਂ ਧਾਰਨ ਕਰਨੀਆਂ ਹਨ, ਨੋਟ ਕਰਨਾ ਹੈ ਅਤੇ ਪਰਹੇਜ਼ ਵੀ ਰੱਖਣੀ ਹੈ। ਦੈਵੀਗੁਣ ਧਾਰਨ ਕਰਨੇ ਹਨ। ਸ਼੍ਰੀਕ੍ਰਿਸ਼ਨ ਦੇ ਗੁਣ ਗਾਏ ਜਾਂਦੇ ਹਨ ਨਾ। ਇਹ ਤੁਹਾਡੀ ਏਮ ਆਬਜੈਕਟ ਹੈ। ਬਾਪ ਨਹੀਂ ਬਣਦੇ, ਤੁਹਾਨੂੰ ਬਣਾਉਂਦੇ ਹਨ। ਫਿਰ ਅਧਾਕਲਪ ਬਾਦ ਤੁਸੀਂ ਹੇਠਾਂ ਉੱਤਰਦੇ ਤਮੋਪ੍ਰਧਾਨ ਬਣਦੇ ਹੋ। ਮੈਂ ਨਹੀਂ ਬਣਦਾ ਹਾਂ, ਇਹ ਬਣਦੇ ਹਨ। 84 ਜਨਮ ਵੀ ਇਸਨੇ ਲਏ ਹਨ। ਇਨ੍ਹਾਂਨੂੰ ਵੀ ਹੁਣ ਸਤੋਪ੍ਰਧਾਨ ਬਣਨਾ ਹੈ, ਇਹ ਪੁਰਸ਼ਾਰਥੀ ਹਨ। ਨਵੀਂ ਦੁਨੀਆਂ ਨੂੰ ਸਤੋਪ੍ਰਧਾਨ ਕਹਾਂਗੇ। ਹਰ ਇੱਕ ਚੀਜ਼ ਪਹਿਲੇ ਸਤੋਪ੍ਰਧਾਨ ਫਿਰ ਸਤੋ - ਰਜੋ - ਤਮੋ ਵਿੱਚ ਆਉਂਦੀ ਹੈ। ਛੋਟੇ ਬੱਚੇ ਨੂੰ ਵੀ ਮਹਾਤਮਾ ਕਿਹਾ ਜਾਂਦਾ ਹੈ ਕਿਉਂਕਿ ਉਸ ਵਿੱਚ ਵਿਕਾਰ ਹੁੰਦੇ ਨਹੀਂ, ਇਸਲਈ ਉਨ੍ਹਾਂਨੂੰ ਫੁੱਲ ਕਿਹਾ ਜਾਂਦਾ ਹੈ। ਸੰਨਿਆਸੀਆਂ ਨਾਲੋਂ ਛੋਟੇ ਬੱਚੇ ਨੂੰ ਉੱਤਮ ਕਹਾਂਗੇ ਕਿਉਂਕਿ ਸੰਨਿਆਸੀ ਤਾਂ ਫਿਰ ਵੀ ਲਾਈਫ ਪਾਸ ਕਰਕੇ ਆਉਂਦੇ ਹਨ ਨਾ। 5 ਵਿਕਾਰਾਂ ਦਾ ਅਨੁਭਵ ਹੈ। ਬੱਚਿਆਂ ਨੂੰ ਤੇ ਪਤਾ ਨਹੀਂ ਰਹਿੰਦਾ ਇਸਲਈ ਬੱਚਿਆਂ ਨੂੰ ਵੇਖ ਖੁਸ਼ੀ ਹੁੰਦੀ ਹੈ, ਚੇਤੰਨ ਫੁੱਲ ਹਨ। ਆਪਣਾ ਤੇ ਹੈ ਹੀ ਪ੍ਰਵ੍ਰਿਤੀ ਮਾਰਗ।

ਹੁਣ ਤੁਹਾਨੂੰ ਬੱਚਿਆਂ ਨੂੰ ਇਸ ਪੁਰਾਣੀ ਦੁਨੀਆਂ ਤੋਂ ਨਵੀਂ ਦੁਨੀਆਂ ਵਿੱਚ ਜਾਣਾ ਹੈ। ਅਮਰਲੋਕ ਵਿੱਚ ਜਾਣ ਲਈ ਤੁਸੀਂ ਸਾਰੇ ਪੁਰਸ਼ਾਰਥ ਕਰਦੇ ਹੋ, ਮ੍ਰਿਤੂਲੋਕ ਤੋਂ ਟ੍ਰਾਂਸਫਰ ਹੁੰਦੇ ਹੋ। ਦੇਵਤਾ ਬਣਨਾ ਹੈ ਤਾਂ ਉਸਦੇ ਲਈ ਹੁਣ ਮਿਹਨਤ ਕਰਨੀ ਪਵੇ, ਪ੍ਰਜਾਪਿਤਾ ਬ੍ਰਹਮਾ ਦੇ ਬੱਚੇ ਭਾਈ - ਭੈਣ ਹੋ ਜਾਂਦੇ ਹਨ। ਭਾਈ - ਭੈਣ ਤਾਂ ਸੀ ਨਾ। ਪ੍ਰਜਾਪਿਤਾ ਬ੍ਰਹਮਾ ਦੀ ਔਲਾਦ ਆਪਸ ਵਿੱਚ ਕੀ ਹੋਏ? ਪ੍ਰਜਾਪਿਤਾ ਬ੍ਰਹਮਾ ਗਾਇਆ ਜਾਂਦਾ ਹੈ। ਜਦੋਂ ਤੱਕ ਪ੍ਰਜਾਪਿਤਾ ਬ੍ਰਹਮਾ ਦਾ ਬੱਚਾ ਨਾ ਬਣੀਏ, ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਵੇ? ਪ੍ਰਜਾਪਿਤਾ ਬ੍ਰਹਮਾ ਦੇ ਹਨ ਸਭ ਰੂਹਾਨੀ ਬੱਚੇ। ਉਹ ਬ੍ਰਾਹਮਣ ਹੁੰਦੇ ਹਨ ਜਿਸਮਾਨੀ ਯਾਤਰਾ ਵਾਲੇ। ਤੁਸੀਂ ਹੋ ਰੂਹਾਨੀ ਯਾਤਰਾ ਵਾਲੇ। ਉਹ ਪਤਿਤ, ਤੁਸੀਂ ਪਾਵਨ। ਉਹ ਕੋਈ ਪ੍ਰਜਾਪਿਤਾ ਦੀ ਸੰਤਾਨ ਨਹੀਂ ਹੈ, ਇਹ ਤੁਸੀਂ ਸਮਝਦੇ ਹੋ। ਭਾਈ - ਭੈਣ ਜਦੋਂ ਸਮਝਣ ਤਾਂ ਵਿਕਾਰ ਵਿੱਚ ਨਾ ਜਾਣ। ਬਾਪ ਵੀ

ਕਹਿੰਦੇ ਹਨ ਖ਼ਬਰਦਾਰ ਰਹਿਣਾ ਹੈ, ਮੇਰਾ ਬੱਚਾ ਬਣਕੇ ਕੋਈ ਕ੍ਰਿਮੀਨਲ ਕੰਮ ਨਹੀਂ ਕਰਨਾ, ਨਹੀਂ ਤਾਂ ਪੱਥਰਬੁੱਧੀ ਬਣ ਜਾਵੋਗੇ। ਇੰਦ੍ਰ ਸਭਾ ਦੀ ਕਹਾਣੀ ਵੀ ਹੈ। ਸ਼ੂਦ੍ਰ ਨੂੰ ਲੈ ਆਈ ਤਾਂ ਇੰਦ੍ਰ ਸਭਾ ਵਿੱਚ ਉਸਦੀ ਬਦਬੂ ਆਉਣ ਲੱਗੀ। ਤਾਂ ਬੋਲੇ ਪਤਿਤ ਨੂੰ ਇੱਥੇ ਕਿਉਂ ਲਿਆਉਂਦਾ ਹੈ। ਫਿਰ ਉਸਨੂੰ ਸ਼ਰਾਪ ਦੇ ਦਿੱਤਾ। ਅਸਲ ਵਿੱਚ ਇਸ ਸਭਾ ਵਿੱਚ ਵੀ ਕੋਈ ਪਤਿਤ ਆ ਨਹੀਂ ਸਕਦਾ। ਭਾਵੇਂ ਬਾਪ ਨੂੰ ਪਤਾ ਪਵੇ ਜਾਂ ਨਾ ਪਵੇ, ਇਹ ਤਾਂ ਆਪਣਾ ਹੀ ਨੁਕਸਾਨ ਕਰਦੇ ਹਨ, ਹੋਰ ਹੀ ਸੌ ਗੁਣਾ ਦੰਡ ਪੈ ਜਾਂਦਾ ਹੈ। ਪਤਿਤ ਨੂੰ ਅਲਾਉਡ ਨਹੀਂ ਹੈ। ਉਨ੍ਹਾਂ ਦੇ ਲਈ ਵਿਜ਼ਟਿੰਗ ਰੂਮ ਠੀਕ ਹੈ। ਜਦੋਂ ਪਾਵਨ ਬਣਨ ਦੀ ਗਰੰਟੀ ਕਰਨ, ਦੈਵੀਗੁਣ ਧਾਰਨ ਕਰਨ ਉਦੋਂ ਅਲਾਉਡ ਹੈ। ਦੈਵੀਗੁਣ ਧਾਰਨ ਕਰਨ ਵਿੱਚ ਟਾਈਮ ਲੱਗਦਾ ਹੈ। ਪਾਵਨ ਬਣਨ ਦੀ ਇੱਕ ਹੀ ਪ੍ਰੀਤਿੱਗਿਆ ਹੈ।

ਇਹ ਵੀ ਸਮਝਾਇਆ ਹੈ, ਦੇਵਤਿਆਂ ਦੀ ਅਤੇ ਪ੍ਰਮਾਤਮਾ ਦੀ ਮਹਿਮਾ ਵੱਖ - ਵੱਖ ਹੈ। ਪਤਿਤ - ਪਾਵਨ, ਲਿਬਰੇਟਰ, ਗਾਈਡ ਬਾਪ ਹੀ ਹੈ। ਸਾਰਿਆਂ ਦੁਖਾਂ ਤੋਂ ਲਿਬਰੇਟ ਕਰ ਆਪਣੇ ਸ਼ਾਂਤੀਧਾਮ ਵਿੱਚ ਲੈ ਜਾਂਦੇ ਹਨ। ਸ਼ਾਂਤੀਧਾਮ, ਸੁਖਧਾਮ ਅਤੇ ਦੁਖਧਾਮ ਇਹ ਵੀ ਚੱਕਰ ਹੈ। ਹੁਣ ਦੁਖਧਾਮ ਨੂੰ ਭੁੱਲ ਜਾਣਾ ਹੈ। ਸ਼ਾਂਤੀਧਾਮ ਤੋਂ ਸੁਖਧਾਮ ਵਿੱਚ ਉਹ ਆਉਣਗੇ ਜੋ ਨੰਬਰਵਾਰ ਪਾਸ ਹੋਣਗੇ, ਉਹ ਹੀ ਆਉਂਦੇ ਰਹਿਣਗੇ। ਇਹ ਚੱਕਰ ਫਿਰਦਾ ਰਹਿੰਦਾ ਹੈ। ਢੇਰ ਦੀਆਂ ਢੇਰ ਆਤਮਾਵਾਂ ਹਨ, ਸਭਦਾ ਪਾਰਟ ਨੰਬਰਵਾਰ ਹੈ। ਜਾਣਗੇ ਵੀ ਨੰਬਰਵਾਰ। ਉਨ੍ਹਾਂਨੂੰ ਕਿਹਾ ਜਾਂਦਾ ਹੈ ਸ਼ਿਵਬਾਬਾ ਦਾ ਸਿਜਰਾ ਅਤੇ ਰੁਦ੍ਰ ਮਾਲਾ। ਨੰਬਰਵਾਰ ਜਾਂਦੇ ਹਨ ਫਿਰ ਨੰਬਰਵਾਰ ਆਉਂਦੇ ਹਨ। ਦੂਜੇ ਧਰਮ ਵਾਲਿਆਂ ਦਾ ਵੀ ਇਵੇਂ ਹੁੰਦਾ ਹੈ। ਬੱਚਿਆਂ ਨੂੰ ਰੋਜ਼ ਸਮਝਾਇਆ ਜਾਂਦਾ ਹੈ, ਸਕੂਲ ਵਿੱਚ ਰੋਜ਼ ਨਹੀਂ ਪੜ੍ਹੋਗੇ, ਮੁਰਲੀ ਨਹੀਂ ਸੁਣੋਗੇ ਤਾਂ ਫਿਰ ਐਬਸੇਂਟ ਹੋ ਜਾਵੋਗੇ। ਪੜ੍ਹਾਈ ਦੀ ਲਿਫਟ ਤਾਂ ਜਰੂਰ ਚਾਹੀਦੀ ਹੈ। ਗੌਡਲੀ ਯੂਨੀਵਰਸਿਟੀ ਵਿੱਚ ਐਬਸੇਂਟ ਥੋੜ੍ਹੀ ਨਾ ਹੋਣੀ ਚਾਹੀਦੀ ਹੈ। ਪੜ੍ਹਾਈ ਕਿੰਨੀ ਉੱਚ ਹੈ, ਜਿਸ ਨਾਲ ਤੁਸੀਂ ਸੁਖਧਾਮ ਦੇ ਮਾਲਿਕ ਬਣਦੇ ਹੋ। ਉੱਥੇ ਤਾਂ ਅਨਾਜ਼ ਆਦਿ ਸਭ ਮੁਫ਼ਤ ਰਹਿੰਦਾ ਹੈ, ਪੈਸਾ ਨਹੀਂ ਲਗਦਾ। ਹੁਣ ਤਾਂ ਕਿੰਨਾ ਮਹਿੰਗਾ ਹੈ। 100 ਵਰ੍ਹਿਆਂ ਵਿੱਚ ਕਿੰਨਾਂ ਮਹਿੰਗਾ ਹੋ ਗਿਆ ਹੈ। ਉੱਥੇ ਕੋਈ ਅਪ੍ਰਾਪਤ ਚੀਜ਼ ਨਹੀਂ ਹੁੰਦੀ ਜਿਸ ਦੇ ਲਈ ਮੁਸ਼ਕਿਲ ਆਵੇ। ਉਹ ਹੈ ਹੀ ਸੁਖਧਾਮ। ਤੁਸੀਂ ਹੁਣ ਉਥੋਂ ਲਈ ਤਿਆਰੀ ਕਰ ਰਹੇ ਹੋ। ਤੁਸੀਂ ਬੈਗਰ ਤੋਂ ਪ੍ਰਿੰਸ ਬਣਦੇ ਹੋ। ਸਾਹੂਕਾਰ ਲੋਕ ਆਪਣੇ ਨੂੰ ਬੈਗਰ ਨਹੀਂ ਸਮਝਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਨਾਲ ਜੋ ਸੰਪੂਰਨ ਪਾਵਨ ਬਣਨ ਦੀ ਪ੍ਰਤਿੱਗਿਆ ਕੀਤੀ ਹੈ, ਉਸਨੂੰ ਤੋੜਨਾ ਨਹੀਂ ਹੈ। ਬਹੁਤ - ਬਹੁਤ ਪਰਹੇਜ਼ ਰੱਖਣੀ ਹੈ। ਆਪਣਾ ਚਾਰਟ ਵੇਖਣਾ ਹੈ - ਸਾਡੇ ਵਿੱਚ ਕੋਈ ਅਵਗੁਣ ਤੇ ਨਹੀਂ ਹੈ।

2. ਗੌਡਲੀ ਯੂਨੀਵਰਸਿਟੀ ਵਿੱਚ ਕਦੇ ਵੀ ਗੈਰ ਹਾਜ਼ਿਰ ਨਹੀਂ ਹੋਣਾ ਹੈ। ਸੁਖਧਾਮ ਦਾ ਮਾਲਿਕ ਬਣਨ ਦੀ ਉੱਚੀ ਪੜ੍ਹਾਈ ਇੱਕ ਦਿਨ ਵੀ ਮਿਸ ਨਹੀਂ ਕਰਨੀ ਹੈ। ਮੁਰਲੀ ਰੋਜ਼ ਜਰੂਰ ਸੁਣਨੀ ਹੈ।

ਵਰਦਾਨ:- ਹਰ ਸੈਕਿੰਡ ਹਰ ਸੰਕਲਪ ਦੇ ਮਹੱਤਵ ਨੂੰ ਜਾਣ ਪੁੰਨ ਦੀ ਪੂੰਜੀ ਜਮਾਂ ਕਰਨ ਵਾਲੇ ਪਦਮਾਪਦਮਪਤੀ ਭਵ

ਤੁਸੀ ਪੁੰਨ ਆਤਮਾਵਾਂ ਦੇ ਸੰਕਲਪ ਵਿੱਚ ਐਨੀ ਵਿਸ਼ੇਸ਼ ਸ਼ਕਤੀ ਹੈ ਜਿਸ ਸ਼ਕਤੀ ਦਵਾਰਾ ਅਸੰਭਵ ਨੂੰ ਸੰਭਵ ਕਰ ਸਕਦੇ ਹੋ। ਜਿਵੇਂ ਅੱਜਕਲ ਯੰਤਰਾਂ ਦਵਾਰਾ ਰੇਗਿਸਤਾਨ ਨੂੰ ਹਰਾ ਭਰਾ ਕਰ ਦਿੰਦੇ ਹਨ, ਪਹਾੜੀਆਂ ਤੇ ਫੁੱਲ ਉਗਾ ਦਿੰਦੇ ਹਨ ਇਵੇਂ ਤੁਸੀਂ ਆਪਣੇ ਸ਼੍ਰੇਸ਼ਠ ਸੰਕਲਪਾਂ ਦਵਾਰਾ ਨਾਉਮੀਦਵਾਰ ਨੂੰ ਉਮੀਦਵਾਰ ਬਣਾ ਸਕਦੇ ਹੋ। ਸਿਰਫ਼ ਹਰ ਸੈਕਿੰਡ ਹਰ ਸੰਕਲਪ ਦੀ ਵੈਲਿਊ ਨੂੰ ਜਾਣ, ਸੰਕਲਪ ਅਤੇ ਸੈਕਿੰਡ ਨੂੰ ਯੂਜ਼ ਕਰ ਪੁੰਨ ਦੀ ਪੂਜੀ ਜਮਾਂ ਕਰੋ। ਤੁਹਾਡੇ ਸੰਕਲਪ ਦੀ ਸ਼ਕਤੀ ਐਨੀ ਸ਼੍ਰੇਸ਼ਠ ਹੈ ਜੋ ਇੱਕ ਸੰਕਲਪ ਵੀ ਪਦਮਾਪਦਮਪਤੀ ਬਣਾ ਦਿੰਦਾ ਹੈ।

ਸਲੋਗਨ:- ਹਰ ਕਰਮ ਅਧਿਕਾਰੀ ਪਨ ਦੇ ਨਿਸ਼ਚੇ ਅਤੇ ਨਸ਼ੇ ਨਾਲ ਕਰੋ ਮਿਹਨਤ ਖ਼ਤਮ ਹੋ ਜਾਏਗੀ।

******

ਅਵਿੱਅਕਤ ਇਸ਼ਾਰੇ - ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਕਰਮਾਤੀਤ ਸਥਿਤੀ ਨੂੰ ਪਾਉਣ ਦੇ ਲਈਂ ਵਿਸ਼ੇਸ਼ ਖੁਦ ਵਿੱਚ ਸਮੇਟਣ ਅਤੇ ਸਮਾਉਣ ਦੀ ਸ਼ਕਤੀ ਧਾਰਨ ਕਰਨਾ ਜ਼ਰੂਰੀ ਹੈ। ਕਰਮਬੰਧਨੀ ਆਤਮਾਵਾਂ ਜਿੱਥੇ ਹਨ ਉੱਥੇ ਹੀ ਕੰਮ ਕਰ ਸਕਦੀ ਹੈ ਅਤੇ ਕਰਮਾਤੀਤ ਆਤਮਾਵਾਂ ਇੱਕ ਹੀ ਸਮੇਂ ਤੇ ਚਾਰੋਂ ਪਾਸੇ ਆਪਣਾ ਸੇਵਾ ਦਾ ਪਾਰਟ ਵਜਾ ਸਕਦੀ ਹੈ ਕਿਉਂਕਿ ਕਰਮਾਤੀਤ ਹਨ। ਉਹਨਾਂ ਦੀ ਸਪੀਡ ਬਹੁਤ ਤੇਜ ਹੁੰਦੀ ਹੈ, ਸੈਕਿੰਡ ਵਿੱਚ ਜਿੱਥੇ ਚਾਹੁਣ ਉੱਥੇ ਪਹੁੰਚ ਸਕਦੀ ਹੈ, ਤਾਂ ਇਸ ਅਨੁਭੂਤੀ ਨੂੰ ਵਧਾਓ।